ਅਰਥਸ਼ਾਸਤਰ +2

(Common for Humanities, Science and Agriculture group)

(Punjabi, Hindi and English version)

Evening Session

Time Allowed MM: 90

3 : Hours

ਭਾਗ - ੳ

(1) ਨੋਟ: ਸਹੀ ਉੱਤਰ ਦੀ ਚੋਣ ਕਰੋ:-

(i) ਅਰਥਸ਼ਾਸਤਰ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ? 1

ੳ) ਐਡਮ ਸਮਿੱਥ (ਅ) ਰਾਬਿਨਜ (ੲ) ਮਾਰਸ਼ਲ (ਸ) ਕੇਨਜ਼

ਨੋਟ:ਖਾਲੀ ਸਥਾਨ ਭਰੋ।

(ii) ਉਤਪਾਦਨ ਸੰਭਾਵਨਾ ਵਕਰ ਮੂਲ ਬਿੰਦੂ ਵੱਲ _____ ਹੁੰਦਾ ਹੈ। 1

(iii) ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀਆਂ _____ ਅਵਸਥਾਵਾਂ ਹਨ । 1

(iv) ਜਦੋਂ ਸੰਤੁਲਨ ਕੀਮਤ ਦਾ ਨਿਰਧਾਰਣ ਹੁੰਦਾ ਹੈ ਤਾਂ ਮੰਗ ਅਤੇ ਪੂਰਤੀ ਹਮੇਸ਼ਾ ਬਰਾਬਰ ਹੁੰਦੇ ਹਨ। (ਸਹੀ/ਗਲਤ) 1

(v) ਸੀਮਾਂਤ ਲਾਗਤ ਕੀ ਹੁੰਦੀ ਹੈ? (ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ) 1

(vi) ਕੇਨਜ਼ ਦੀ ਪ੍ਰਸਿੱਧ ਪੁਸਤਕ ਕਿਹੜੀ ਹੈ? 1

(vii) ਕੁੱਲ ਅਤੇ ਸ਼ੁੱਧ ਧਾਰਨਾਵਾਂ ਵਿੱਚ ਘਿਸਾਵਟ ਦਾ ਅੰਤਰ ਹੈ। (ਸਹੀ/ਗਲਤ) 1

(viii) ਵਿਆਜ ਦੀ ਦਰ ਅਤੇ ਨਿਵੇਸ਼ ਵਿੱਚ _____ ਸੰਬੰਧ ਹੁੰਦਾ ਹੈ। 1

(ix) ਮੁਦਰਾ ਦਾ ਮੂਲ ਕਾਰਜ _____ ਹੈ। 1

(x) ਸਹੀ ਉੱਤਰ ਦੀ ਚੋਣ ਕਰੋ:- 1

ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰਤੱਖ ਕਰ ਹੈ?

(ੳ) ਵਿਕਰੀ ਕਰ (ਅ) ਆਮਦਨ ਕਰ (ੲ) ਵੈਟ (ਸ) ਉਪਰੋਕਤ ਸਾਰੇ

ਭਾਗ - ਅ

(2) ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿਚ ਦਿਓ:-

(i) ਅਵਸਰ ਲਾਗਤ ਤੋਂ ਕੀ ਭਾਵ ਹੈ? 2

(ii) ਹੇਠ ਦਿੱਤੀ ਗਈ ਤਾਲਿਕਾ ਪੂਰੀ ਕਰੋ: 2

R.S/Bains

Scanned by CamScanner

Scanned by CamScanner

| ਉਪਭੋਗ ਕੀਤੀਆਂ ਗਈਆਂ ਇਕਾਈਆਂ | 0 | 1 | 2 | 3 | 4 | 5 |
|---|---|---|---|---|---|---|
| ਕੁੱਲ ਤੁਸ਼ਟੀਗੁਣ | 0 | 20 | 38 | 54 | 68 | 76 |
| ਸੀਮਾਂਤ ਤੁਸ਼ਟੀਗੁਣ | | | | | | |

(iii) ਕਿਤਾਬਾਂ ਪੈਦਾ ਕਰਨ ਦੀਆਂ ਕੇਵਲ ਤਿੰਨ ਫਰਮਾਂ'A','B' ਅਤੇ 'C' ਹਨ। ਤਿੰਨਾਂ ਫਰਮਾਂ ਦੀ ਪੂਰਤੀ ਹੇਠ ਲਿਖੇ ਅਨੁਸਾਰ ਹੈ। ਬਜ਼ਾਰ ਪੂਰਤੀ ਪਤਾ ਕਰੋ। 2

| ਕਿਤਾਬਾਂ ਦੀ ਪ੍ਰਤੀ ਵਿਅਕਤੀ ਕੀਮਤ | ਫਰਮ 'ੳ' ਦੀ ਪੂਰਤੀ | ਫਰਮ 'ਬ' ਦੀ ਪੂਰਤੀ | ਫਰਮ 'ਚ' ਦੀ ਪੂਰਤੀ |
|---|---|---|---|
| 10 | 300 | 70 | 600 |
| 20 | 500 | 100 | 900 |
| 30 | 700 | 190 | 1400 |
| 40 | 760 | 270 | 2200 |
| 50 | 890 | 300 | 3100 |

(iv) ਔਸਤ ਆਮਦਨ ਦੀ ਪਰਿਭਾਸ਼ਾ ਦਿਓ। 2

(v) ਉਤਪਾਦਕ ਦੇ ਸੰਤੁਲਨ ਦੀਆਂ ਮੁੱਖ ਸ਼ਰਤਾਂ ਕਿਹੜੀਆਂ ਹਨ? 2

(vi) ਬੰਦ ਅਰਥ-ਵਿਵਸਥਾ ਕੀ ਹੁੰਦੀ ਹੈ? 2

(vii) ਹੇਠ ਲਿਖੇ ਆਂਕੜਿਆਂ ਤੋਂ ਉਤਪਾਦਨ ਦਾ ਮੁੱਲ ਪਤਾ ਕਰੋ। 2

| | ਮਦਾਂ | (ਕਰੋੜ ਰੁਪਏ) |
|---|---|---|
| 1. | ਅੰਤ ਦਾ ਸਟਾਕ | 40,000 |
| 2. | ਸ਼ੁਰੂ ਦਾ ਸਟਾਕ | 27,000 |
| 3. | ਵਿਕਰੀ | 67,000 |

(viii) ਵਪਾਰ ਸੰਤੁਲਨ 5500 ਕਰੋੜ ਰੁਪਏ ਦਾ ਘਾਟਾ ਦਿਖਾ ਰਿਹਾ ਹੈ। ਨਿਰਯਾਤ ਦਾ ਮੁੱਲ 2100 ਕਰੋੜ ਰੁਪਏ ਹੈ। ਆਯਾਤ ਦਾ ਮੁੱਲ ਪਤਾ ਕਰੋ। 2

(ix) ਇਛੁੱਕ ਬੇਰੋਜ਼ਗਾਰੀ ਕੀ ਹੁੰਦੀ ਹੈ? 2

(x) ਵਿੱਤੀ ਨੀਤੀ ਕੀ ਹੁੰਦੀ ਹੈ? 2

RS Bains

Scanned by CamScanner

Scanned by CamScanner

### ਭਾਗ - ੲ

(3) ਨੋਟ: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 60-70 ਸ਼ਬਦਾਂ ਵਿੱਚ ਦਿਓ:-

(i) ਵਿਅਸ਼ਟੀ ਅਰਥ-ਸ਼ਾਸਤਰ ਅਤੇ ਸਮੱਸ਼ਟੀ ਅਰਥ-ਸ਼ਾਸਤਰ ਵਿੱਚ ਅੰਤਰ ਸਪਸ਼ਟ ਕਰੋ। 4

ਜਾਂ

'ਉਤਪਾਦਨ ਕਿਵੇਂ ਕੀਤਾ ਜਾਵੇ' ਦੀ ਸਮੱਸਿਆ ਦੀ ਵਿਅਖਿਆ ਕਰੋ।

(ii) ਮੰਗ ਵਕਰ ਦਾ ਅਰਥ ਦੱਸੋ ਅਤੇ ਚਿੱਤਰ ਸਹਿਤ ਵਿਆਖਿਆ ਕਰੋ। 4

ਜਾਂ

ਘਟਦੇ ਪ੍ਰਤੀਫਲ ਦੇ ਨਿਯਮ ਦੇ ਲਾਗੂ ਹੋਣ ਦੇ ਕਾਰਨ ਦੱਸੋ।

(iii) ਇੱਕ ਵਸਤੂ ਦੀ ਕੀਮਤ 12 ਰੁਪਏ ਤੋਂ ਵੱਧਕੇ 18 ਰੁਪਏ ਹੋ ਗਈ ਜਿਸ ਕਰਕੇ ਉਸ ਵਸਤੂ ਦੀ ਮੰਗ 400 ਇਕਾਈਆਂ ਤੋਂ ਘੱਟ ਕੇ 320 ਇਕਾਈਆਂ ਹੋ ਗਈ ਮੰਗ ਦੀ ਕੀਮਤ ਲੱਚਕ ਗਿਆਤ ਕਰੋ। 4

(iv) ਔਸਤ ਲਾਗਤ ਅਤੇ ਸੀਮਾਂਤ ਲਾਗਤ ਵਿੱਚ ਆਪਸੀ ਸੰਬੰਧ ਦੀ ਵਿਆਖਿਆ ਕਰੋ। 4

(v) ਪੂਰਨ ਮੁਕਾਬਲੇ ਬਜ਼ਾਰ ਵਿਵਸਥਾ ਵਿਚ ਆਮਦਨ ਵਕਰਾਂ ਦੀ ਵਿਆਖਿਆ ਕਰੋ। 4

(vi) ਦੋ ਖੇਤਰੀ ਅਰਥ-ਵਿਵਸਥਾ ਵਿਚ ਆਮਦਨ ਦੇ ਚਕਰੀ ਪ੍ਰਵਾਹ ਦੀ ਚਿੱਤਰ ਸਹਿਤ ਵਿਆਖਿਆ ਕਰੋ। 4

(vii) ਇੱਕ ਅਰਥ-ਵਿਵਸਥਾ ਸੀਮਾਂਤ ਉਪਭੋਗ ਪ੍ਰਵਿਰਤੀ 0.75 ਹੈ। ਨਿਵੇਸ਼ ਵਿਚ 1000 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ। ਆਮਦਨ ਵਿਚ ਹੋਣ ਵਾਲੇ ਕੁੱਲ ਵਾਧੇ ਦੀ ਗਣਨਾ ਕਰੋ। 4

(viii) ਮੋਦਰਿਕ ਨੀਤੀ ਤੋਂ ਕੀ ਭਾਵ ਹੈ? 4

ਜਾਂ

ਮੁਦਰਾ ਦੇ ਕਾਰਜਾਂ ਦਾ ਵਰਣਨ ਕਰੋ।

(ix) ਦਿੱਤੀ ਗਈ ਜਾਣਕਾਰੀ ਤੋਂ ਆਮਦਨ ਘਾਟਾ ਅਤੇ ਵਿੱਤੀ ਘਾਟਾ ਪਤਾ ਕਰੋ। 4

| ਮਦਾਂ | ਰੁਪਏ(ਕਰੋੜਾਂ ਵਿੱਚ) |
|---|---|
| ਆਮਦਨ ਖਰਚ | 28600 |
| ਆਮਦਨ ਪ੍ਰਾਪਤੀਆਂ | 26400 |
| ਪੂੰਜੀਗਤ ਪ੍ਰਾਪਤੀਆਂ | 7837 |
| ਪੂੰਜੀਗਤ ਖਰਚ | 3600 |
| ਉਧਾਰ ਤੋਂ ਇਲਾਵਾ ਪੂੰਜੀਗਤ ਪ੍ਰਾਪਤੀਆਂ | 660 |

Scanned by CamScanner

Scanned by CamScanner

ਭਾਗ - ਸ

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 150-200 ਸ਼ਬਦਾਂ ਵਿਚ ਦਿਓ:-

1. ਆਰਥਿਕ ਸਮੱਸਿਆ ਕੀ ਹੈ? ਆਰਥਿਕ ਸਮੱਸਿਆ ਦਾ ਹੱਲ ਕਿਵੇਂ ਕੀਤਾ ਜਾ ਸਕਦਾ ਹੈ? (6)

ਜਾਂ

ਪੂਰਤੀ ਦੇ ਨਿਯਮ ਦੀ ਵਿਸਥਾਰਪੂਰਵਕ ਵਿਆਖਿਆ ਕਰੋ। ਇਸਦੇ ਅਪਵਾਦ ਕਿਹੜੇ-ਕਿਹੜੇ ਹਨ?

2. ਘਟਦੇ ਵੱਧਦੇ ਅਨੁਪਾਤ ਦਾ ਨਿਯਮ ਕੀ ਹੈ? ਕੀ ਇਸ ਨਿਯਮ ਦੇ ਲਾਗੂ ਹੋਣ ਨੂੰ ਸਥਗਿਤ ਕੀਤਾ ਜਾ ਸਕਦਾ ਹੈ? (6)

ਜਾਂ

ਪੂਰਨ ਮੁਕਾਬਲੇ ਤੋਂ ਕੀ ਭਾਵ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ?

3. ਹੇਠ ਦਿੱਤੇ ਗਏ ਆਂਕੜਿਆਂ ਤੋਂ (6)

1.$GDP_{MP}$ ਤੇ $NNP_{FC}$ ਪਤਾ ਕਰੋ

(ਬਜ਼ਾਰ ਕੀਮਤਾਂ ਅਤੇ ਕੁੱਲ ਘਰੇਲੂ ਉਤਪਾਦ)

2. ਸਾਧਨ ਲਾਗਤਾਂ ਅਤੇ ਸ਼ੁੱਧ ਰਾਸ਼ਟਰੀ ਉਤਪਾਦ

| ਮਦਾਂ | ਰੁਪਏ ਕਰੋੜਾਂ ਵਿੱਚ |
|---|---|
| 1. ਲਗਾਨ | 100 |
| 2. ਲਾਭ | 150 |
| 3. ਵਿਆਜ | 75 |
| 4. ਮਜ਼ਦੂਰੀ | 400 |
| 5. ਸਮਾਜਿਕ ਸੁਰੱਖਿਆ ਵਿੱਚ ਮਾਲਕਾਂ ਦਾ ਯੋਗਦਾਨ | 70 |
| 6. ਵਿਦੇਸ਼ਾਂ ਤੋਂ ਪ੍ਰਾਪਤ ਕੁੱਲ ਸ਼ੁੱਧ ਸਾਧਨ ਆਮਦਨ | 200 |
| 7. ਸ਼ੁੱਧ ਅਪ੍ਰਤੱਖ ਕਰ | 90 |
| 8. ਘਿਸਾਵਟ | 105 |

ਜਾਂ

ਹੇਠ ਦਿੱਤੀ ਜਾਣਕਾਰੀ ਦੇ ਅਧਾਰ ਤੇ ਬਜ਼ਾਰ ਕੀਮਤ ਦੇ ਕੁੱਲ ਰਾਸ਼ਟਰੀ ਉਤਪਾਦ ਅਤੇ ਰਾਸ਼ਟਰੀ ਆਮਦਨ ਪਤਾ ਕਰੋ?

| ਮਦਾਂ | ਰੁਪਏ ਕਰੋੜਾਂ ਵਿੱਚ |
|---|---|
| 1. ਘਿਸਾਵਟ | 1000 |
| 2. ਵਿਕਰੀ | 30000 |
| 3. ਅੰਤਮ ਸਟਾਕ | 3000 |

Scanned by CamScanner

| | | |
|---|---|---|
| 4. | ਸ਼ੁਰੂ ਦਾ ਸਟਾਕ | 2500 |
| 5. | ਮੱਧ ਵਰਤੀ ਉਪਭੋਗ | 6000 |
| 6. | ਸ਼ੁੱਧ ਅਪ੍ਰਤੱਖ ਕਰ | 1400 |
| 7. | ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | 2000 |

(iv) ਬੈਂਕਾਂ ਦੇ ਆਧੁਨਿਕੀਕਰਨ ਤੋਂ ਕੀ ਭਾਵ ਹੈ? ਬੈਂਕਾਂ ਦੇ ਆਧੁਨਿਕੀਕਰਨ ਦੀ ਮਹੱਤਤਾ ਸਪਸ਼ਟ ਕਰੋ (6)

ਜਾਂ

ਲਚਕਦਾਰ ਵਟਾਂਦਰਾ ਦਰ ਕੀ ਹੁੰਦੀ ਹੈ? ਲਚਕਦਾਰ ਵਟਾਂਦਰਾ ਕਰ ਪ੍ਰਣਾਲੀ ਦੇ ਗੁਣ ਅਤੇ ਦੋਸ਼ਾਂ ਦੀ ਵਿਆਖਿਆ ਕਰੋ?

---

R S Bains

ਲੈਕ. ਇਕਨਾਮਿਕਸ

ਸ.ਸ.ਸ.ਸ. (ਗਰਲਜ਼)

ਲਾਡੋਵਾਲੀ ਰੋਡ, ਜਲੰਧਰ।

Scanned by CamScanner